ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
ਵਣ ਕੰਪਲੈਕਸ, ਸੈਕਟਰ-68, ਐੱਸ.ਏ.ਐੱਸ. ਨਗਰ।

https://sssb.punjab.gov.in

ਜਨਤਕ ਨੋਟਿਸ

1.0 ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਇਸ਼ਤਿਹਾਰ ਨੰ. 7 ਆਫ 2026 ਰਾਹੀਂ ਜੂਨੀਅਰ ਇੰਜੀਨੀਅਰ (ਸਿਵਲ/ਮਕੈਨੀਕਲ/ਇਲੈਕਟ੍ਰਿਕਲ) ਗਰੁੱਪ-ਬੀ ਦੀਆਂ 262 ਆਸਾਮੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ।

2.0 ਉਕਤ ਆਸਾਮੀਆਂ ਲਈ Online apply ਕਰਨ ਦੀ ਆਖਰੀ ਮਿਤੀ 17.11.2026 ਸੀ। ਉਮੀਦਵਾਰਾਂ ਦੀ ਸੁਵਿਧਾ ਲਈ Online Application ਵਿੱਚ ਸੋਧ ਕਰਨ ਲਈ *ਮਿਤੀ* 21.11.2026 ਤੋਂ ਮਿਤੀ 23.11.2026 ਤੱਕ web portal open ਕੀਤਾ ਜਾ ਰਿਹਾ ਹੈ। ਜੇਕਰ ਕੋਈ ਉਮੀਦਵਾਰ Online Application ਵਿੱਚ ਫੋਟੋ ਜਾਂ ਹਸਤਾਖਰ ਗੱਲਤ upload ਹੋ ਗਏ ਹਨ ਅਤੇ ਜਾਂ ਕੋਈ ਉਮੀਦਵਾਰ ਆਪਣੇ **ਨਾਮ, ਪਿਤਾ ਦਾ ਨਾਮ, ਲਿੰਗ ਜਾਂ ਕੈਟਾਗਰੀ** ਵਿੱਚ ਸੋਧ ਕਰਨੀ ਚਾਹੁੰਦਾ ਹੈ ਤਾਂ ਉਹ ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਮਿਤੀ 21.11.2026 ਤੋਂ ਮਿਤੀ 23.11.2026 ਤੱਕ ਸੋਧ ਕਰ ਸਕਦਾ ਹੈ।

3.0 ਜੇਕਰ ਕਿਸੇ ਉਮੀਦਵਾਰ ਦੇ **ਕੈਟਾਗਰੀ ਵਿੱਚ ਸੋਧ** ਕਰਨ ਤੇ ਪ੍ਰੀਖਿਆ ਫੀਸ ਦੀ ਰਕਮ ਵਿੱਚ ਵਾਧਾ ਹੁੰਦਾ ਹੈ ਤਾਂ ਉਹ ਉਮੀਦਵਾਰ ਇਸ ਫੀਸ ਦੇ ਅੰਤਰ ਦੀ ਰਕਮ ਨੂੰ online ਹੀ ਅਦਾ ਕਰਨਗੇ /

4.0 ਜਿਹੜੇ ਉਮੀਦਵਾਰ ਆਪਣੇ ਐਪਲੀਕੇਸ਼ਨ ਫਾਰਮ ਵਿੱਚ ਸੋਧ ਕਰਨਗੇ ਉਨ੍ਹਾਂ ਦਾ ਸੋਧਿਆ ਹੋਇਆ ਫਾਰਮ (Last submitted from between 21.11.2026 to 23.11.2026) ਹੀ ਅੰਤਿਮ ਮੰਨਿਆ ਜਾਵੇਗਾ। ਇਸ ਲਈ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਸੋਧ ਨੂੰ ਧਿਆਨਪੁਰਵਕ ਕੀਤਾ ਜਾਵੇ।

ਸਹੀ/-
ਸਹਾਇਕ ਡਾਇਰੈਕਟਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

ਮਿਤੀ: 21.11.2026